# ਮਾੱਡਲ ਟੈਸਟ ਪੇਪਰ

## ਵਿਸ਼ਾ -ਸੰਗੀਤ (ਨ੍ਰਿਤ)

## ਸ਼੍ਰੇਣੀ - ਅੱਠਵੀਂ

## ਸੈਸ਼ਨ- 2024-2025

ਸਮਾਂ - 3 ਘੰਟੇ ਕੁਲ ਅੰਕ-40

### ਭਾਗ – ੳ

1 ਤੋਂ 10 ਤੱਕ ਵਸਤੂਨਿਸ਼ਠ ਪ੍ਰਸ਼ਨ,11 ਤੋਂ 15 ਖਾਲੀ ਥਾਵਾਂ,16 ਤੋਂ 20 ਤੱਕ ਸਹੀ/ਗ਼ਲਤ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ।

(ਕ) ਵਸਤੂਨਿਸ਼ਠ ਪ੍ਰਸ਼ਨ (ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ)

1. ਦਮਯੰਤੀ ਜੋਸ਼ੀ ਜੀ ਕਿਸ ਕਲਾ ਵਿੱਚ ਨੁਪੁੰਨ ਹਨ?
2. ਬਿਰਜੂ ਮਹਾਰਾਜ ਜੀ ਦਾ ਜਨਮ ਕਿੱਥੇ ਹੋਇਆ?
3. ਕੱਤਥਕ ਕਿਸ ਪ੍ਰਾਂਤ ਦਾ ਨਾਚ ਹੈ?
4. ਨ੍ਰਿਤ ਦੀ ਪਰਿਭਾਸ਼ਾ ਦੀਓ।
5. ਕੱਤਥਕ ਨਾਲ ਕਿਹੜਾ ਸਾਜ਼ ਵਜਾਇਆ ਜਾਂਦਾ ਹੈ?
6. ਮੁਦਰਾ ਕਿਸਨੂੰ ਆਖਦੇ ਹਨ?
7. ਤਿੰਨਤਾਲ ਵਿੱਚ ਕਿੰਨੀਆਂ ਮਾਤਰਾਵਾਂ ਹੁੰਦੀਆਂ ਹਨ?
8. ਇੱਕਤਾਲ ਦੀ ਦੂਜੀ ਮਾਤਰਾ ਤੇ ਕਿਹੜਾ ਬੋਲ ਆਉਂਦਾ ਹੈ?
9. ਦਾਦਰਾ ਤਾਲ ਕਿਸ ਤੇ ਵਜਾਈ ਜਾਂਦੀ ਹੈ?
10. ਦਾਦਰਾ ਤਾਲ ਵਿੱਚ ਕਿੰਨੇ ਵਿਭਾਗ ਹੁੰਦੇ ਹਨ ? (10x1=10)

(ਖ) ਖਾਲੀ ਥਾਵਾਂ

11. ਕੱਤਥਕ ਇੱਕ ਪ੍ਰਕਾਰ ਦਾ ____________ਹੈ।
12. ਵਿਲੰਬਿਤ ਲੈਅ ਦੀ ਲੈਅ ____________ ਹੁੰਦੀ ਹੈ।
13. ਖਾਲੀ ਦੀ ਨਿਸ਼ਾਨੀ ____________ਹੁੰਦੀ ਹੈ।
14. ਦਾਦਰਾ ਤਾਲ ਵਿੱਚ ਸਮ _________ ਮਾਤਰਾ ਤੇ ਆਉਂਦਾ ਹੈ।
15. ਤਿੰਨਤਾਲ ਵਿੱਚ ਧਾ ਦਾ ਬੋਲ _________ਮਾਤਰਾ ਤੇ ਆਉਂਦਾ ਹੈ (5X1=5)

(ਗ) ਸਹੀ/ਗ਼ਲਤ

16. ਮੁਦਰਾਵਾਂ ਹੱਥ ਦੀਆਂ ਹੁੰਦੀਆਂ ਹਨ।
17. ਕੱਤਥਕ ਨ੍ਰਿਤ ਵਿੱਚ ਤਬਲੇ ਨੂੰ ਵਜਾਇਆ ਜਾਂਦਾ ਹੈ।
18. ਤਤਕਾਰ ਦਾ ਅਰਥ ਹੈ ਫਟਕਾਰ।
19. ਦਾਦਰਾ ਤਾਲ ਵਿੱਚ ਕੋਈ ਮਾਤਰਾ ਖਾਲੀ ਨਹੀਂ ਹੁੰਦੀ।
20. ਤੋੜਾ 5 ਮਾਤਰਾਵਾਂ ਦਾ ਹੁੰਦਾ ਹੈ। (5X1=5)

### ਭਾਗ - ਅ

21 ਤੋਂ 27 ਤੱਕ 7 ਸੰਖੇਪਾਤਮਕ ਪ੍ਰਸ਼ਨ ਪੁੱਛੇ ਜਾਣਗੇ। ਜਿਨ੍ਹਾਂ ਵਿੱਚੋਂ ਕੋਈ 5 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 10-15 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ।

21. ਸਮ ਬਾਰੇ ਸੰਖੇਪ ਵਿੱਚ ਲਿਖੋ।
22. ਹੱਥ ਦੀਆਂ 5 ਮੁਦਰਾਵਾਂ ਨੂੰ ਵਿਸਥਾਰ ਨਾਲ ਸਮਝਾਓ।
23. ਕੱਤਥਕ ਨ੍ਰਿਤ ਨਾਲ ਕਿਹੜੇ - ਕਿਹੜੇ ਸਾਜ਼ ਦੀ ਵਰਤੋਂ ਹੁੰਦੀ ਹੈ , ਕਿਸੇ ਇੱਕ ਸਾਜ਼ ਬਾਰੇ ਸੰਖੇਪ ਵਿੱਚ ਲਿਖੋ।
24. ਲੈਅ ਦੇ ਪ੍ਰਕਾਰਾਂ ਬਾਰੇ ਸੰਖੇਪ ਵਿੱਚ ਲਿਖੋ।
25. ਇੱਕਤਾਲ ਦਾ ਪ੍ਰਿਚੈ ਲਿਖੋ।
26. ਦਾਦਰਾ ਤਾਲ ਦਾ ਪ੍ਰਿਚੈ ਲਿਖੋ।
27. ਝੱਪਤਾਲ ਨੂੰ ਇੱਕਗੁਣ ਵਿੱਚ ਲਿਖੋ। (5X2=10)

### ਭਾਗ – ੲ

28-31 ਤੱਕ 4 ਨਿਬੰਧਾਤਮਕ ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿੱਚੋਂ 2 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 150-200 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ

28. *ਦਮਯੰਤੀ ਜੋਸ਼ੀ ਜੀ ਦੀ ਸੰਗੀਤ ਪ੍ਰਤੀ ਦੇਣ ਬਾਰੇ ਵਿਸਥਾਰ ਨਾਲ ਦੱਸੋ।*
29. ਬਿਰਜੂ ਮਹਾਰਾਜ ਜੀ ਦਾ ਜੀਵਨ ਪਰਿਚੈ ਲਿਖੋ।
30. ਤਿੰਨਤਾਲ ਵਿੱਚ ਕੋਈ ਤਿੰਨ ਤੋੜੇ ਤੇ ਦੋ ਪਰਨਾ ਲਿਖੋ।
31. ਇੱਕਤਾਲ ਦਾ ਪਰਿਚੈ ਲਿਖੋ ਤੇ ਇਸਨੂੰ ਇੱਕਗੁਣ ਅਤੇ ਦੁਗੁਣ ਵਿੱਚ ਵੀ ਲਿਖੋ। (2X5=10)